# ਚਾਰ ਬੱਬਰ ਅਕਾਲੀ ਸ਼ਹੀਦਾਂ ਬਾਰੇ*

ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਨਵੰਬਰ 1928 ਵਿੱਚ "ਚਾਂਦ" ਨਾਂ ਦੇ ਹਿੰਦੀ ਰਸਾਲੇ ਦੇ 'ਫਾਂਸੀ ਅੰਕ' ਵਿੱਚ 55 ਸ਼ਹੀਦੀ ਜੀਵਨੀਆਂ ਤੇ ਕੁੱਝ ਤਸਵੀਰਾਂ ਵੀ ਛਾਪੀਆਂ ਗਈਆਂ ਸਨਃ ਚੂੰਕਿ ਇਹ ਤਾਂ ਲਾਜ਼ਮੀ ਸੀ ਕਿ ਸਰਕਾਰ ਇਸ ਨੂੰ ਤੁਰੰਤ ਗੈਰ-ਕਾਨੂੰਨੀ ਕਰਾਰ ਦੇ ਕੇ ਇਸ ਰਸਾਲੇ ਦੀਆਂ ਸਾਰੀਆਂ ਕਾਪੀਆਂ ਜਬਤ ਕਰ ਲਵੇਗੀ, ਇਸ ਲਈ ਪ੍ਰਕਾਸ਼ਕਾਂ ਨੇ ਕੁਲ 10,000 ਕਾਪੀਆਂ ਵਿੱਚੋਂ ਕੋਈ 5,000 ਕਾਪੀਆਂ ਫੌਰਨ ਇਧਰ-ਉਧਰ ਭੇਜ ਦਿੱਤੀਆਂ ਸਨ। ਇਹ ਸਾਰੇ ਲੇਖ ਫਰਜ਼ੀ ਨਾਮਾਂ ਹੇਠ ਲਿਖੇ ਗਏ ਸਨ, ਜਿਨ੍ਹਾਂ ਵਿਚੋਂ ਗ਼ਦਰੀ ਤੇ ਬੱਬਰ ਸ਼ਹੀਦਾਂ ਬਾਰੇ ਲਗਭਗ ਸਾਰੇ ਲੇਖ ਭਗਤ ਸਿੰਘ ਦੇ ਹੀ ਹਨ, ਜਿਹੜੇ ਗਿਣਤੀ ਪੱਖੋ ਅੱਧੇ ਨਾਲੋਂ ਕੁੱਝ ਵਧੇਰੇ ਹੀ ਹਨ। — ਮਲਵਿੰਦਰ ਜੀਤ ਸਿੰਘ ਵੜੈਚ

ਮਸ਼ਹੂਰ ਬੱਬਰ ਅਕਾਲੀ ਲਹਿਰ ਦੇ, ਮੌਤ ਨਾਲ ਖੇਡਣ ਵਾਲੇ ਅਨੇਕਾਂ ਨਰ-ਰਤਨਾਂ ਵਿਚੋਂ ਸ੍ਰੀ ਕਰਮ ਸਿੰਘ ਜੀ, ਸ੍ਰੀ ਉਦੇ ਸਿੰਘ ਜੀ, ਸ਼੍ਰੀ ਬਿਸ਼ਨ ਸਿੰਘ ਜੀ ਅਤੇ ਸ਼੍ਰੀ ਮਹਿੰਦਰ ਸਿੰਘ ਜੀ ਵੀ ਹਨ। ਕਾਰਜ ਖੇਤਰ ਵਿਚ ਕਦਮ ਅੱਗੇ ਰੱਖਣ ਤੋਂ ਬਾਦ ਇਨ੍ਹਾਂ ਨੇ ਫੇਰ ਕਦੀ ਪਿੱਛੇ ਮੁੜ ਕੇ ਦੇਖਣ ਦੀ ਸੋਚੀ ਤੱਕ ਨਹੀਂ। ਪਿਆਰੇ ਦੇਸ਼ ਨੂੰ ਠੋਕਰਾਂ ਤੇ ਠੋਕਰਾਂ ਲੱਗਦੇ ਦੇਖ ਉਹ ਖੁਦ ਨੂੰ ਸੰਭਾਲ ਨਾ ਸਕੇ। ਕੈਨੇਡਾ ਵਿਚ ਭਾਰਤੀਆਂ 'ਤੇ ਕੀਤੇ ਗਏ ਜ਼ੁਲਮ, ਕਾਮਾਗਾਟਾ ਮਾਰੂ ਦੀ ਘਟਨਾ, ਬਜਬਜ ਦਾ ਕਤਲਕਾਂਡ, ਜਲ੍ਹਿਆਂਵਾਲੇ ਬਾਗ ਦਾ ਸਾਕਾ, ਆਦਿ ਗੱਲਾਂ ਉਹ ਹੋਰ ਨਾ ਸਹਾਰ ਸਕੇ। ਉਸ ਵੇਲੇ ਗੁਲਾਮੀ ਦੀਆਂ ਬੇੜੀਆਂ ਨੂੰ ਤੋੜ ਸੁੱਟਣ ਵਾਸਤੇ ਬੇਚੈਨ ਹੋ ਕੇ ਉਹ ਜਿਸ ਮਾਰਗ ਤੇ ਚੱਲੇ ਇਹ ਕਹਾਣੀ ਉਸ ਦਾ ਇਕ ਪਰਛਾਵਾਂ ਮਾਤਰ ਹੀ ਹੈ।

ਉਕਤ ਚਾਰ ਸੂਰਮਿਆਂ ਵਿਚੋਂ ਸ਼੍ਰੀ ਕਰਮ ਸਿੰਘ ਦੌਲਤਪੁਰ ਦੇ, ਉਦੇ ਸਿੰਘ ਰਾਮਗੜ੍ਹ ਝੁੰਗੀਆਂ ਦੇ, ਬਿਸ਼ਨ ਸਿੰਘ ਮੰਗਤ ਦੇ ਅਤੇ ਮਹਿੰਦਰ ਸਿੰਘ ਪਿੰਡੋਰੀ ਗੰਗਾ ਸਿੰਘ ਦੇ ਰਹਿਣ ਵਾਲੇ ਸਨ। ਜਿਸ ਵੇਲੇ ਕਿਸ਼ਨ ਸਿੰਘ ਗੜਗੱਜ ਨੇ ਬੱਬਰ-ਅਕਾਲੀ ਲਹਿਰ ਦੀ ਨੀਂਹ ਧਰੀ ਤਾਂ ਇਨ੍ਹਾਂ ਚਾਰਾਂ ਨੇ ਹੀ ਸ਼ਾਂਤੀ ਮਈ ਅਸਹਿਯੋਗ ਅੰਦੋਲਨ ਛੱਡ ਕੇ ਉਸ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਬਹਾਦਰੀ ਵਿਚ ਚਾਰੇ ਹੀ ਇਕ-ਦੂਜੇ ਤੋਂ ਵਧ ਕੇ ਸਨ ਅਤੇ ਇਹ ਲੋਕ ਸਦਾ ਔਖੇ ਤੇ ਖਤਰੇ ਭਰੇ ਕੰਮ ਨੂੰ ਵੀ ਵਧੇਰੇ ਪਸੰਦ ਕਰਦੇ ਸਨ। ਕੁਝ ਦਿਨਾਂ ਤੋਂ ਬਾਦ ਕਰਮ ਸਿੰਘ ਅਤੇ ਉਦੇ ਸਿੰਘ ਮੁੱਖ ਕਾਰਕੁੰਨਾਂ ਵਿਚ ਗਿਣੇ ਜਾਣ ਲੱਗੇ।

ਅਕਾਲੀ ਮਤ ਦੀ ਦੀਖਿਆ ਲੈਣ ਤੋਂ ਬਾਦ ਕਰਮ ਸਿੰਘ ਜੀ ਨੇ ਪਿੰਡ-ਪਿੰਡ ਘੁੰਮ ਕੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਆਪ ਦੀਵਾਨਾਂ ਵਿਚ ਜਾ ਕੇ ਲੋਕਾਂ ਨੂੰ ਸਮਝਾਉਂਦੇ ਕਿ ਸਾਡੇ ਤੇ ਆਏ ਦਿਨ ਜੋ ਜ਼ੁਲਮ ਢਾਏ ਜਾ ਰਹੇ ਹਨ ਉਨ੍ਹਾਂ ਸਭਨਾਂ ਦਾ ਮੂਲ ਕਾਰਨ ਸਾਡੀ ਆਪਣੀ ਹੀ ਕਮਜ਼ੋਰੀ ਹੈ ਅਤੇ ਜਦੋਂ ਤੱਕ ਅਸੀਂ ਆਪਣੇ ਪੈਰਾਂ ਤੇ ਖੜ੍ਹੇ ਹੋ ਕੇ ਗੁਲਾਮੀ ਤੋਂ ਪਿੱਛਾ ਨਹੀਂ ਛੁਡਾਉਂਦੇ ਉਦੋਂ ਤੱਕ ਇਸੇ ਤਰ੍ਹਾਂ ਠੇਡੇ ਖਾਂਦੇ ਰਹਾਂਗੇ, ਆਦਿ। ਕੁਝ ਹੀ ਦਿਨ ਕੰਮ ਕਰ ਸਕੇ ਸਨ ਕਿ ਗ੍ਰਿਫ਼ਤਾਰੀ ਦਾ ਪ੍ਰਬੰਧ ਹੋਣ ਲੱਗਾ। ਵਰੰਟ ਨਿੱਕਲਣ ਤੇ ਆਪ ਫਰਾਰ ਹੋ ਗਏ ਅਤੇ ਕੰਮ ਕਰਦ ਰਹਿਣ ਤੇ ਵੀ ਅਖੀਰ ਤੱਕ ਪੁਲਿਸ ਦੇ ਹੱਥੇ ਨਾ ਚੜ੍ਹੇ।

ਕਰਮ ਸਿੰਘ ਨਿਰੇ ਸਿਪਾਹੀ ਹੋਣ, ਇਹ ਗੱਲ ਨਹੀਂ ਸੀ, ਉਹ ਇਕ ਚੰਗੇ ਬੁਲਾਰੇ ਸਨ ਅਤੇ ਗਾਉਣਾ ਵੀ ਜਾਣਦੇ ਸਨ। 'ਬੱਬਰ-ਅਕਾਲੀ' ਨਾਂ ਦੇ ਅਖ਼ਬਾਰ ਦਾ ਸੰਪਾਦਨ ਵੀ ਉਹੀ ਕਰਦੇ ਸਨ। ਇਕ ਮਸਤ ਪ੍ਰੇਮੀ ਵਾਂਗ ਉਨ੍ਹਾਂ ਨੂੰ ਜੇ ਕਿਸੇ ਗੱਲ ਦਾ ਫਿਕਰ ਸੀ ਤਾਂ ਆਪਣੇ ਕੰਮ ਦਾ ਹੀ। ਉਹ ਦਿਨ-ਰਾਤ ਕੰਮ ਕਰਦੇ ਵੀ ਨਹੀਂ ਥੱਕਦੇ ਸਨ। ਅੱਜ ਕਿਸੇ ਦੀਵਾਨ ਵਿਚ ਭਾਸ਼ਣ ਕੀਤਾ ਜਾ ਰਿਹਾ ਹੈ, ਤਾਂ ਕੱਲ੍ਹ ਵਿਸਾਹਘਾਤੀ ਨੂੰ ਸਜ਼ਾ ਦੇਣ ਦੀ ਵਿਧਾਨ ਹੋ ਰਿਹਾ ਹੈ, ਅਤੇ ਪਰਸੋਂ ਪੈਸੇ ਲੈ ਕੇ ਹਥਿਆਰ ਖਰੀਦਣ ਵਾਸਤੇ ਕਿਤੇ ਦੂਰ ਜਾਣ ਦੀ ਤਿਆਰੀ ਹੋ ਰਹੀ ਹੈ।

ਇੱਧਰ ਪੁਲਿਸ ਵੀ ਆਪ ਖਾਤਰ ਬੜੀ ਬੇਚੈਨ ਸੀ। ਥਾਂ-ਥਾਂ ਤੇ ਪੁਲਿਸ ਦੇ ਬੰਦੇ ਤੈਨਾਤ ਕੀਤੇ ਗਏ, ਇਨਾਮ ਵੀ ਰੱਖਿਆ ਗਿਆ, ਪਰ ਉਹ ਫੇਰ ਵੀ ਹੱਥ ਨਾ ਆਏ।

ਉਦੇ ਸਿੰਘ ਜੀ ਨਾਲ ਆਪਦਾ ਬੜਾ ਨਿੱਘਾ ਸੰਬੰਧ ਸੀ। ਜ਼ਿਆਦਾਤਰ ਦੋਵੇਂ ਇਕੱਠੇ ਹੀ ਰਿਹਾ ਕਰਦੇ ਸਨ। ਫਰਾਰ ਵੀ ਇਕੱਠੇ ਹੀ ਹੋਏ ਸਨ ਅਤੇ ਆਖਰੀ ਸਮੇਂ ਵੀ ਦੋਹਾਂ ਨੇ ਇਕੱਠੇ ਹੀ ਲੜ ਕੇ ਜਾਨ ਦਿੱਤੀ ਸੀ। ਪ੍ਰੇਮ ਅਤੇ ਦੋਸਤੀ ਦੀ ਕਿੰਨੀ ਵਧੀਆ ਮਿਸਾਲ ਹੈ।

ਪੁਲਿਸ ਨੂੰ ਬੱਬਰ ਅਕਾਲੀਆਂ ਸੰਬੰਧੀ ਭੇਤ ਦੇਣ ਦੇ ਅਪਰਾਧ ਵਿਚ ਉਦੇ ਸਿੰਘ ਨੇ 14 ਫਰਵਰੀ, 1923 ਨੂੰ ਹੈਯਤਪੁਰ ਦੇ ਦੀਵਾਨ ਨੂੰ ਮਾਰ ਦਿੱਤਾ। ਆਪ ਦਾ ਕਹਿਣਾ ਸੀ ਕਿ ਮੈਂ ਦੁਸ਼ਮਣ ਨੂੰ ਛੱਡ ਸਕਦਾ ਹਾਂ ਪਰ ਮੁਖਬਰ ਨੂੰ ਕਦੀ ਨਹੀਂ ਛੱਡ ਸਕਦਾ। ਇਸ ਤੋਂ ਬਾਦ 27 ਮਾਰਚ, ਸੰਨ 1923 ਨੂੰ ਉਸੇ ਅਪਰਾਧ ਵਿਚ ਆਪਦੇ ਦੋਹਾਂ ਸਾਥੀਆਂ ਨੇ ਕੁਝ ਹੋਰ ਸਾਥੀਆਂ ਨੂੰ ਲੈ ਕੇ ਬਹਿਬਲਪੁਰ ਦੇ ਹਜ਼ਾਰਾ ਸਿੰਘ ਦਾ ਕਤਲ ਕੀਤਾ।

ਇਸ ਤੋਂ ਬਿਨ੍ਹਾਂ ਹੋਰ ਵੀ ਕਈ ਗ਼ੱਦਾਰਾਂ ਨੂੰ ਉਨ੍ਹਾਂ ਦੇ ਗੁਨਾਹ ਦੀ ਸਜ਼ਾ ਇਨ੍ਹਾਂ ਲੋਕਾਂ ਨੇ ਦਿੱਤੀ ਸੀ। ਸਜ਼ਾ ਦਾ ਵਿਧਾਨ ਸਿਰਫ ਮੌਤ ਹੀ ਨਹੀਂ ਸੀ। ਗੁਨਾਹ ਘੱਟ ਹੋਣ ਤੇ ਉਹ ਦੀ ਜਾਇਦਾਦ ਲੈ ਕੇ ਜਾਂ ਨੱਕ-ਕੰਨ ਕੱਟ ਕੇ ਵੀ ਛੱਡ ਦਿੱਤਾ ਜਾਂਦਾ ਸੀ।

ਇਕ ਦਿਨ ਜਦੋਂ ਇਹ ਚਾਰੇ ਸੂਰਮੇ ਕਪੂਰਥਲਾ ਰਿਆਸਤ ਦੇ ਬੋਮੇਲੀ ਪਿੰਡ ਕੋਲੋਂ ਦੀ ਲੰਘ ਰਹੇ ਸਨ ਤਾਂ ਕਿਸੇ ਸੂਹੀਏ ਨੇ ਪੁਲਿਸ ਸੁਪਰਡੈਂਟ ਮਿ. ਸਮਿਥ ਨੂੰ ਇਸ ਦੀ ਇਤਲਾਹ ਕਰ ਦਿੱਤੀ। ਬੱਸ ਉਸੇ ਵੇਲੇ ਫੌਜ ਦੇ ਕੁਝ ਪੈਦਲ ਸਿਪਾਹੀ ਅਤੇ ਕੁਝ ਸਵਾਰ ਲੈ ਕੇ ਉਨ੍ਹਾਂ ਨੇ ਇਨ੍ਹਾਂ ਦਾ ਪਿੱਛਾ ਕੀਤਾ। ਐਡੀਸ਼ਨਲ ਪੁਲਿਸ ਦੇ ਸਬ ਇੰਸਪੈਕਟਰ ਫਤੇਹ ਖਾਂ ਨੂੰ ਵੀ ਪੰਜਾਹ ਬੰਦੇ ਲੈ ਕੇ ਦੂਜੇ ਪਾਸਿਉਂ ਭੇਜਿਆ ਗਿਆ। ਮਿ. ਸਮਿਥ ਨੂੰ ਪਿੱਛਾ ਕਰਦੇ ਦੇਖ ਇਨ੍ਹਾਂ ਲੋਕਾਂ ਨੇ ਚੌਂਤਾ ਸਾਹਿਬ ਦੇ ਗੁਰਦੁਆਰੇ ਵਿਚ , ਜੋ ਨੇੜੇ ਹੀ ਸੀ, ਪਨਾਹ ਲੈ ਲਈ। ਪਰ ਪਿੱਛੋਂ ਗੋਲੀ ਚੱਲ ਰਹੀ ਸੀ ਇਸ ਲਈ ਇਹ ਲੋਕ ਦੁਸ਼ਮਣਾਂ ਦਾ ਮੁਕਾਬਲਾ ਕਰਦੇ ਹੋਏ ਗੁਰਦਵਾਰੇ ਵੱਲੋਂ ਹਟਣ ਲੱਗੇ। ਅਜੇ ਤੱਕ ਫਤੇਹ ਖਾਂ ਦੇ ਬੰਦੇ ਇਕ ਪਾਸੇ ਛਿਪੇ ਖੜ੍ਹੇ ਸਨ ਪਰ ਗੋਲੀ ਚੱਲਣ ਦੀ ਆਵਾਜ਼ ਸੁਣ ਕੇ ਉਹ ਵੀ ਬਾਹਰ ਆ ਗਏ। ਗੁਰਦਵਾਰੇ ਦੇ ਚਾਰੇ ਪਾਸੇ ਇਕ ਨਾਲਾ ਸੀ, ਇਹ ਚਾਰੇ ਸੂਰਮੇ ਸਮਿਥ ਦੀ ਹਥਿਆਰਬੰਦ ਫੌਜ ਦਾ ਮੁਕਾਬਲਾ ਕਰਦੇ ਹੋਏ ਇਸ ਨਾਲੇ ਕੋਲ ਪਹੁੰਚ ਗਏ ਅਤੇ ਪਾਣੀ ਵਿਚ ਵੜੇ ਹੀ ਸਨ ਕਿ ਪਿਛੋਂ ਕੁਝ ਦੂਰ ਖੜ੍ਹੇ ਫਤੇਹ ਖਾਂ ਦੇ ਬੰਦਿਆਂ ਨੇ ਵੀ ਗੋਲੀ ਵਰਸਾਉਣੀ ਸ਼ੁਰੂ ਕਰ ਦਿੱਤੀ। ਇਕ ਪਾਸੇ ਤਾਂ ਹਥਿਆਰਾਂ ਨਾਲ ਲੈਸ ਫੌਜ ਅਤੇ ਦੂਜੇ ਪਾਸੇ ਸਿਰਫ ਚਾਰ ਬੰਦੇ ਅਤੇ ਉਹ ਵੀ ਦੋ ਫੌਜਾਂ ਦੇ ਵਿਚਕਾਰ। ਭਲਾ ਉਹ ਕਦੋਂ ਤਕ ਸਾਮ੍ਹਣਾ ਕਰ ਸਕਦੇ ਸਨ। ਇਸ ਲਈ ਕੁਝ ਦੇਰ ਇਸੇ ਤਰ੍ਹਾਂ ਸਾਮ੍ਹਣਾ ਕਰਨ ਤੋਂ ਬਾਅਦ ਉਦੇ ਸਿੰਘ ਤੇ ਮਹਿੰਦਰ ਸਿੰਘ ਗੋਲੀ ਖਾ ਕੇ ਪਾਣੀ ਵਿਚ ਹੀ ਡਿੱਗ ਪਏ।

ਕਰਮ ਸਿੰਘ ਕਿਸੇ ਤਰ੍ਹਾਂ ਨਾਲ ਪਾਰ ਕਰ ਗਏ ਅਤੇ ਦੂਜੇ ਕਿਨਾਰੇ ਤੋਂ ਲੱਕ ਤੱਕ ਪਾਣੀ ਵਿਚ ਖੜ੍ਹੇ ਹੋ ਕੇ ਦੁਸ਼ਮਣ ਤੇ ਗੋਲੀਆਂ ਚਲਾਉਣ ਲੱਗੇ। ਫਤੇਹ ਖਾਂ ਨੇ ਦੂਜੇ ਕਿਨਾਰੇ ਤੋਂ ਪੁਕਾਰ ਕੇ ਕਿਹਾ—'ਆਤਮ ਸਮਰਪਣ ਕਰ ਦੇ।' ਪਰ ਉਸ ਸੂਰਮੇ ਨੇ ਤਾਂ ਮਰਨ ਮਾਰਨ ਦੀ ਸਹੁੰ ਖਾਧੀ ਸੀ। ਉਸ ਨੇ ਨਾਂਹ ਕਹਿੰਦੇ ਹੋਏ ਫਤੇਹ ਖਾਂ ਤੇ ਗੋਲੀ ਚਲਾਈ। ਬਦਕਿਸਮਤੀ ਨਾਲ ਨਿਸ਼ਾਨਾ ਉੱਕ ਗਿਆ ਅਤੇ ਦੂਜੇ ਹੀ ਪਲ ਉਹ ਸੂਰਮਾ ਵੀ ਮੱਥੇ ਤੇ ਗੋਲੀ ਖਾ ਕੇ ਸਦਾ ਵਾਸਤੇ ਉਸੇ ਪਾਣੀ ਵਿਚ ਡਿੱਗ ਪਿਆ।

ਜਿਸ ਵੇਲੇ ਕਰਮ ਸਿੰਘ ਨੇ ਨਾਲੇ ਦੇ ਦੂਜੇ ਪਾਸਿਉਂ ਫੌਜ ਦੇ ਸਾਰੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚ ਰੱਖਿਆ ਸੀ, ਉਸ ਵੇਲੇ ਬਿਸ਼ਨ ਸਿੰਘ ਜੀ, ਜੋ ਅਜੇ ਨਾਲੇ ਦੇ ਇਸੇ ਕਿਨਾਰੇ ਤੇ ਹੀ ਸਨ, ਮੌਕਾ ਦੇਖ ਕੇ ਨੇੜੇ ਦੀ ਨਰਕੁਲ ਦੀ ਝਾੜੀ ਵਿਚ ਛੁਪ ਗਏ। ਨਰਕੁਲ ਦੇ ਹਿੱਲਣ ਤੇ ਸ਼ੱਕ ਹੋ ਗਿਆ ਅਤੇ ਦੋ ਬੰਦੇ ਉੱਥੇ ਦੇਖਣ ਲਈ ਭੇਜੇ ਗਏ। ਉਨ੍ਹਾਂ ਦੇ ਕੋਲ ਆਉਂਦੇ ਹੀ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਛੱਡ ਕੇ ਬਿਸ਼ਨ ਸਿੰਘ ਨੇ ਉਨ੍ਹਾਂ ਤੇ ਹਮਲਾ ਕਰ ਦਿੱਤਾ ਅਤੇ ਤਲਵਾਰ ਦੇ ਪਹਿਲੇ ਹੀ ਵਾਰ ਨਾਲ ਇਕ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ। ਦੂਜੇ ਦੇ ਕੁਝ ਦੂਰ ਹਟ ਜਾਣ ਤੇ ਜਦ ਆਪ ਨਾਲੇ ਨੂੰ ਪਾਰ ਕਰਨ ਦੀ ਕੋਸ਼ਿਸ਼ ਕਰ ਰਹੇ ਸੀ ਤਾਂ ਉਸ ਦੂਜੇ ਸਿਪਾਹੀ ਨੇ ਉਨ੍ਹਾਂ ਤੇ ਗੋਲੀ ਚਲਾ ਦਿੱਤੀ ਅਤੇ ਇਸ ਤਰ੍ਹਾਂ ਆਪ ਵੀ ਆਪਣੇ ਤਿੰਨ ਹੋਰ ਸਾਥੀਆਂ ਵਾਂਗ ਹੀ ਉਸੇ ਨਾਲੇ ਵਿਚ ਡਿੱਗ ਗਏ।

ਇਹ ਘਟਨਾ ਪਹਿਲੀ ਸਤੰਬਰ, ਸੰਨ 1923 ਦੀ ਹੈ।

*ਮਧੁਸੇਨ*

* "ਚਾਂਦ ਫਾਂਸੀ ਅੰਕ — ਚੋਣਵੀਆਂ ਸ਼ਹੀਦੀ ਜੀਵਨੀਆਂ", ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ, ਸੰਪਾ. ਹਰੀਸ਼ ਜੈਨ, ਪੰਨੇ 196-198, ਲੋਕਗੀਤ ਪ੍ਰਕਾਸ਼ਨ, ਐਸ.ਸੀ.ਓ. 26-27, ਚਡੀਗੜ੍ਹ (2006)